Surrey School District
Surrey Schools . . . Keeping Learners at the Centre
Tel: 604.596.7733
Fax: 604.596.7941
www.sd36.bc.ca

**February 19, 2007**

# ਸਰ੍ਹੀ ਸਕੂਲਾਂ ਦੇ ਵਿਦਿਆਰਥੀ ਹਰ ਤਰਾਂ ਨਾਲ ਪੜ੍ਹਾਈ ਵਿੱਚ ਓਚੱਾ ਅਸਥਾਨ ਪ੍ਰਾਪਿਤ ਕਰ ਰਹੇ ਹਨ

**District students continue to excel as top performers**

ਹਰ ਸਾਲ ਸਰ੍ਹੀ ਸਕੂਲ ਡਿਸਟਰਿਕਟ ਦੇ ਵਿਦਿਆਰਥੀ ਸਾਰੇ ਸੂਬੇ ਵਿੱਚ ਸਭ ਤੋਂ ਓਪਰ ਸਥਾਨ ਪ੍ਰਾਪਿਤ ਕਰਨ ਵਾਲੇ ਬੱਚਿਆਂ ਵਿੱਚੋਂ ਇੱਕ ਹਨ। ਇਸ ਖੇਤਰ ਵਿੱਚ ਪਿਛਲੇ ਸਾਲ ਦੀਆਂ ਕੁੱਝ ਝਲਕੀਆਂ ਇਹ ਹਨ:

**ਗੌਰਮਿੰਟ ਦੇ ਸਲਾਨਾ ਇਮਤਿਹਾਨਾਂ ਵਿੱਚ ਸਰ੍ਹੀ ਦੇ ਵਿਦਿਆਰਥੀ ਓਚੱ ਦਰਜੇ ਤੇ ਹਨ:**

ਇਸ ਬੀਤੇ 2005-06 ਸਕੂਲ ਦੇ ਸਾਲ ਵਿੱਚ ਸਰ੍ਹੀ ਦੇ ਵਿਦਿਆਰਥੀ ਸਾਰੇ ਸੂਬੇ ਦੀ ਨੰਬਰਾਂ ਦੀ ਔਸਤ ਤੋਂ ਅੱਗੇ ਹਨ। ਸਾਡੇ 10ਵੀਂ ਅਤੇ 11ਵੀਂ ਦੇ ਵਿਦਿਆਰਥੀਆਂ ਨੇ ਸਾਰੇ ਵਿਸ਼ਿਆਂ ਵਿੱਚ ਅਤੇ 12ਵੀਂ ਦੇ ਵਿਦਿਆਰਥੀਆਂ ਨੇ 19 ਇਮਤਿਹਾਨਾਂ ਵਿੱਚੋਂ 16 ਇਮਤਿਹਾਨਾਂ ਵਿੱਚ ਸੂਬੇ ਦੀ ਔਸਤ ਤੋਂ ਵੱਧ ਨੰਬਰ ਲਏ ਹਨ। ਪਹਿਲੇ ਸਾਲਾਂ ਨਾਲੋਂ ਵਿਦਿਆਰਥੀਆਂ ਨੇ ਵੱਧ ਕੇ ਨੰਬਰ ਲਏ ਹਨ। ਜਿਹਨਾਂ ਬੱਚਿਆਂ ਨੇ ਸੀ ਪਲੱਸ ਜਾਂ ਇਸ ਤੋਂ ਵੱਧ ਨੰਬਰ ਲਏ ਹਨ, ਓਹਨਾਂ ਦੀ ਗਿਣਤੀ 19 ਇਮਤਿਹਾਨਾਂ ਵਿੱਚੋਂ 15 ਇਮਤਿਹਾਨਾਂ ਵਿੱਚ ਸੂਬੇ ਦੀ ਔਸਤ ਤੋਂ ਜ਼ਿਆਦਾ ਹੈ। ਇਹਨਾਂ ਵਿੱਚ ਕਈ ਨਤੀਜੇ ਤਾਂ ਪਿਛਲੇ ਪੰਜਾਂ ਸਾਲਾਂ ਦੇ ਨਤੀਜਿਆਂ ਨਾਲੋਂ ਵਧੀਆ ਰਹੇ ਹਨ।

**ਲਿਖਣ ਵਿੱਚ ਵਿਦਿਆਰਥੀਆਂ ਨੇ ਆਸਾਂ ਦੇ ਬਰਾਬਰ ਜਾਂ ਵਧੀਕ ਨਤੀਜਾ ਲਿਆਂਦਾ:**

ਸਾਲ 2001 ਤੋਂ ਲੈ ਕਿ ਐਫ. ਐਸ. ਏ. ਜਾਣੀ ਫਾਊਂਡੇਸ਼ਨ ਸਕਿੱਲਜ਼ ਦੇ ਇਮਤਿਹਾਨਾਂ ਵਿੱਚ ਲਗਾਤਾਰ ਸੂਬੇ ਦੀ ਔਸਤ ਤੋਂ ਵੱਧ ਜਾਂ ਔਸਤ ਦੇ ਬਰਾਬਰ ਸਰ੍ਹੀ ਦੇ ਵਿਦਿਆਰਥੀਆਂ ਨੇ ਨੰਬਰ ਪ੍ਰਾਪਿਤ ਕੀਤੇ ਹਨ। ਇਸ ਹੀ ਤਰਾਂ 5ਵੀਂ ਦੇ ਵਿਦਿਆਰਥੀਆਂ ਨੇ ਵੀ 2 ਫੀਸਦੀ ਤਰੱਕੀ ਕੀਤੀ ਹੈ ਜਿਥੇ ਕਿ 93 ਫੀਸਦੀ ਵਿਦਿਆਰਥੀਆਂ ਨੇ ਲਿਖਣ ਦੇ ਟੀਚਿਆਂ ਨੂੰ ਪ੍ਰਾਪਿਤ ਕੀਤਾ ਜਾਂ ਟੀਚੇ ਤੋਂ ਅੱਗੇ ਵੱਧੇ।

**ਸਰ੍ਹੀ ਸਕੂਲਾਂ ਦੇ ਬੱਚੇ ਸੂਬੇ ਦੀ ਔਸਤ ਨਾਲੋਂ ਵੱਧ ਸੰਖਿਆ ਵਿੱਚ ਹਾਈ ਸਕੂਲ ਦੇ ਵਿਸ਼ਿਆਂ ਨੂੰ ਮੁਕੰਮਲ ਕਰ ਰਹੇ ਹਨ:**

ਲਗਾਤਾਰ ਪਿਛਲੇ 5 ਸਾਲਾਂ ਵਿੱਚ ਸਰ੍ਹੀ ਦੇ ਹਾਈ ਸਕੂਲਾਂ ਦੇ ਸਿਲੇਬਸ ਨੂੰ ਮੁਕੰਮਲ ਕਰਨ ਦਾ ਰੇਟ, ਸੂਬੇ ਦੀ ਔਸਤ ਤੋਂ ਅੱਗੇ ਰਿਹਾ ਹੈ। ਸਾਲ 2005-06 ਵਿੱਚ ਸਰ੍ਹੀ ਦਾ ਇਹ ਪੂਰਤੀ ਦਾ ਅਨੁਪਾਤ ਸੂਬੇ ਦੇ ਸਾਰੇ ਪਬਲਿਕ ਸਕੂਲਾਂ ਵਿੱਚੋਂ 3 ਫੀਸਦੀ ਅੱਗੇ ਰਿਹਾ ਹੈ। ਸਾਲ 2001-02 ਤੋਂ ਹਾਈ ਸਕੂਲ ਦੀ ਪੂਰਤੀ ਦਾ ਅਨੁਪਾਤ ਲਗਾਤਾਰ 4 ਫੀਸਦੀ ਵੱਧਿਆ ਹੈ। ਇਸ ਤੋਂ ਵੀ ਵੱਧ ਇਹ ਖੁਸ਼ੀ ਹੈ ਕਿ ਤਕਰੀਬਨ ਅੱਧੇ ਬੱਚੇ ਜੋ ਹਾਈ ਸਕੂਲ ਪੂਰਾ ਕਰ ਰਹੇ ਹਨ, ਓਹ ਸਭ ਤੋਂ ਵੱਧੀਆ ਨੰਬਰ ਲੈ ਕਿ ਔਨਰ ਰੌਲ ਵਿੱਚ ਆਪਣੇ ਆਪਣੇ ਵਿਸ਼ੇ ਵਿੱਚ ਤਰੱਕੀ ਕਰ ਰਹੇ ਹਨ।

**ਇਸ ਸਾਲ ਪਹਿਲਾਂ ਨਾਲੋਂ ਵੱਧ ਵਜ਼ੀਫੇ ਵਿਦਿਆਰਥੀਆਂ ਨੇ ਜਿੱਤੇ :**

ਵਜ਼ੀਫਾ ਲੈਣ ਵਾਲੇ ਵਿਦਿਆਰਥੀਆਂ ਦਾ ਅਨੁਪਾਤ ਵੀ ਓਨੱਤੀ ਵੱਲ ਹੀ ਵੱਧ ਰਿਹਾ ਹੈ, ਸਾਲ 2005-06 ਵਿੱਚ ਸਾਰੇ ਹਾਈ ਸਕੂਲਾਂ ਦੇ ਵਿਦਿਆਰਥੀਆਂ ਵਿੱਚੋਂ 12 ਫੀਸਦੀ ਵਿਦਿਆਰਥੀਆਂ ਨੇ ਹਾਈ ਸਕੂਲ ਤੋਂ ਵਜ਼ੀਫੇ ਪ੍ਰਾਪਿਤ ਕੀਤੇ